# Visit of National Security Advisor to Washington DC (January 30-February 01, 2023)

February 01, 2023

..................

## ਰਾਸ਼ਟਰੀ ਸੁਰੱਖਿਆ ਸਲਾਹਕਾਰ ਦੀ ਵਾਸ਼ਿੰਗਟਨ ਡੀਸੀ ਦੀ ਫੇਰੀ (30 ਜਨਵਰੀ-1 ਫਰਵਰੀ, 2023)

## 1 ਫਰਵਰੀ, 2023

ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ 30 ਜਨਵਰੀ ਤੋਂ 1 ਫਰਵਰੀ, 2023 ਤੱਕ ਵਾਸ਼ਿੰਗਟਨ ਡੀਸੀ ਦੇ ਅਧਿਕਾਰਤ ਦੌਰੇ 'ਤੇ ਹਨ। ਉਨ੍ਹਾਂ ਦੇ ਨਾਲ ਭਾਰਤ ਸਰਕਾਰ ਦੇ ਸੀਨੀਅਰ ਅਧਿਕਾਰੀ ਅਤੇ ਭਾਰਤੀ ਉਦਯੋਗ ਦੇ ਆਗੂ ਵੀ ਹਨ।

ਇਸ ਫੇਰੀ ਦੌਰਾਨ ਰਾਸ਼ਟਰੀ ਸੁਰੱਖਿਆ ਸਲਾਹਕਾਰ ਨੇ ਆਪਸੀ ਹਿੱਤਾਂ ਦੇ ਕਈ ਦੁਵੱਲੇ, ਖੇਤਰੀ ਅਤੇ ਆਲਮੀ ਮੁੱਦਿਆਂ 'ਤੇ ਅਮਰੀਕੀ ਸਰਕਾਰ, ਕਾਂਗਰਸ, ਵਪਾਰਕ, ਅਕਾਦਮਿਕ ਅਤੇ ਖੋਜ ਭਾਈਚਾਰਿਆਂ ਦੇ ਹਿੱਸੇਦਾਰਾਂ ਅਤੇ ਦੇ ਨੀਤੀ ਨਿਰਮਾਤਾਵਾਂ ਨਾਲ ਗੱਲਬਾਤ ਕੀਤੀ। ਅਮਰੀਕਾ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਜੇਕ ਸੁਲੀਵਾਨ ਨਾਲ ਆਪਣੀ ਮੁਲਾਕਾਤ ਤੋਂ ਛੁੱਟ ਉਹ ਜੁਆਇੰਟ ਚੀਫ਼ ਆਫ਼ ਸਟਾਫ਼ ਦੇ ਚੇਅਰਮੈਨ ਜਨਰਲ ਮਾਰਕ ਮਿਲੀ, ਰੱਖਿਆ ਮੰਤਰੀ ਕੈਥਲੀਨ ਹਿਕਸ, ਮੁੱਖ ਸੈਨੇਟਰਾਂ ਅਤੇ ਉਦਯੋਗਕ ਆਗੂਆਂ ਨੂੰ ਵੀ ਮਿਲੇ। ਇਸ ਦੌਰੇ ਦੌਰਾਨ ਉਹ ਬਾਅਦ ਵਿੱਚ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨਾਲ ਮੁਲਾਕਾਤ ਕਰਨਗੇ।

ਮਈ, 2022 ਵਿੱਚ ਟੋਕੀਓ ਵਿੱਚ ਹੋਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਰਾਸ਼ਟਰਪਤੀ ਜੋਸੇਫ ਬਿਡੇਨ ਦੀ ਮੀਟਿੰਗ ਦੌਰਾਨ ਕੀਤੇ ਗਏ ਐਲਾਨ ਨੂੰ ਅਮਲੀ ਰੂਪ ਦਿੰਦੇ ਹੋਏ ਰਾਸ਼ਟਰੀ ਸੁਰੱਖਿਆ ਸਲਾਹਕਾਰ ਸੁਲੀਵਾਨ ਨਾਲ ਮਿਲ ਕੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਡੋਵਾਲ ਨੇ 31 ਜਨਵਰੀ, 2023 ਨੂੰ ਵ੍ਹਾਈਟ ਹਾਊਸ ਵਿਖੇ ਕ੍ਰਿਟੀਕਲ ਐਂਡ ਐਮਰਜਿੰਗ ਟੈਕਨਾਲੋਜੀ (iCET) ਬਾਰੇ ਪਹਿਲਕਦਮੀ ਦੀ ਸ਼ੁਰੂਆਤੀ ਮੀਟਿੰਗ ਦੀ ਸਹਿ-ਪ੍ਰਧਾਨਗੀ ਕੀਤੀ। ਦੁਪਹਿਰ ਦੇ ਭੋਜਨ ਦੌਰਾਨ ਰਾਸ਼ਟਰੀ ਸੁਰੱਖਿਆ ਸਲਾਹਕਾਰ ਨਾਲ ਸੰਯੁਕਤ ਰਾਜ ਵਿੱਚ ਭਾਰਤ ਦੇ ਰਾਜਦੂਤ, ਪ੍ਰਮੁੱਖ ਵਿਗਿਆਨਕ ਸਲਾਹਕਾਰ, ਦੂਰਸੰਚਾਰ ਵਿਭਾਗ ਦੇ ਸਕੱਤਰ, ਇਸਰੋ ਦੇ ਚੇਅਰਮੈਨ, ਰੱਖਿਆ ਮੰਤਰੀ ਦੇ ਵਿਗਿਆਨਕ ਸਲਾਹਕਾਰ, DRDO ਦੇ ਡਾਇਰੈਕਟਰ ਜਨਰਲ, ਅਤੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਦੇ ਰਾਸ਼ਟਰੀ ਸੁਰੱਖਿਆ ਪਰਿਸ਼ਦ ਸਕੱਤਰੇਤ ਅਤੇ ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰਾਲੇ ਦੇ ਹੋਰ ਸੀਨੀਅਰ ਅਧਿਕਾਰੀ ਵੀ ਸ਼ਾਮਲ ਸਨ। ਅਮਰੀਕੀ ਪੱਖੋਂ ਨਾਸਾ ਦੇ ਪ੍ਰਸ਼ਾਸਕ, ਡਾਇਰੈਕਟਰ, ਨੈਸ਼ਨਲ ਸਾਇੰਸ ਫਾਊਂਡੇਸ਼ਨ, ਉਪ ਰਾਸ਼ਟਰੀ ਸੁਰੱਖਿਆ ਸਲਾਹਕਾਰ ਸਮੇਤ ਹੋਰਨਾਂ ਨੇ ਹਿੱਸਾ ਲਿਆ।

iCET ਦਾ ਉਦੇਸ਼ ਟੈਕਨਾਲੋਜੀ ਵੈਲਿਊ ਚੇਨ ਬਣਾ ਕੇ ਅਤੇ ਆਈਟਮਾਂ ਦੇ ਸਹਿ-ਵਿਕਾਸ ਅਤੇ ਸਹਿ-ਉਤਪਾਦਨ ਦੀ ਹਮਾਇਤ ਕਰ ਦੋਵਾਂ ਦੇਸ਼ਾਂ ਨੂੰ ਭਰੋਸੇਯੋਗ ਟੈਕਨਾਲੋਜੀ ਭਾਗੀਦਾਰਾਂ ਵਜੋਂ ਸਥਾਪਿਤ ਕਰਨਾ ਹੈ। ਇਸਦਾ ਉਦੇਸ਼ ਸਥਾਈ ਵਿਧੀ ਦੁਆਰਾ ਰੈਗੂਲੇਟਰੀ ਪਾਬੰਦੀਆਂ, ਨਿਰਯਾਤ ਨਿਯੰਤਰਣ ਅਤੇ ਗਤੀਸ਼ੀਲਤਾ ਸਬੰਧੀ ਰੁਕਾਵਟਾਂ ਨੂੰ ਹੱਲ ਕਰਨਾ ਵੀ ਹੈ। ਅਮਰੀਕੀ ਪੱਖ ਨੇ ਕੁਝ ਮਹੱਤਵਪੂਰਨ ਖੇਤਰਾਂ ਵਿੱਚ ਭਾਰਤ ਨੂੰ ਨਿਰਯਾਤ ਦੀਆਂ ਰੁਕਾਵਟਾਂ ਨੂੰ ਘੱਟ ਕਰਨ ਲਈ ਸਮਰਥਨ ਦਾ ਭਰੋਸਾ ਦਿੱਤਾ, ਜਿਨ੍ਹਾਂ ਵਿੱਚ ਕਾਨੂੰਨੀ ਤਬਦੀਲੀਆਂ ਕਰਨ ਸਬੰਧੀ ਯਤਨ ਵੀ ਸ਼ਾਮਲ ਹਨ। ਐਕਸਪੋਜ਼, ਹੈਕਾਥੌਨ ਅਤੇ ਪਿਚਿੰਗ ਸੈਸ਼ਨਾਂ ਦੇ ਮਾਧਿਅਮ ਨਾਲ ਸਟਾਰਟਅਪ ਈਕੋਸਿਸਟਮ ਦੇ ਵਿਚਕਾਰ ਸਬੰਧਾਂ ਨੂੰ ਮਜ਼ਬੂਤ ਕਰਨ ਅਤੇ ਦੋਵਾਂ ਦੇਸ਼ਾਂ ਦਰਮਿਆਨ ਪ੍ਰਮੁੱਖ ਖੇਤਰਾਂ ਵਿੱਚ ਨਵੀਨਤਾ ਦੇ ਪੁਲ ਬਣਾਉਣ 'ਤੇ ਜ਼ੋਰ ਦਿੱਤਾ ਗਿਆ।

ਕੁਆਂਟਮ ਤਕਨਾਲੋਜੀਆਂ ਦੀ ਮਹੱਤਤਾ ਨੂੰ ਪਛਾਣਦੇ ਹੋਏ ਦੋਵਾਂ ਧਿਰਾਂ ਨੇ ਉਦਯੋਗ ਅਤੇ ਅਕਾਦਮਿਕਤਾ ਦੀ ਭਾਗੀਦਾਰੀ ਨਾਲ ਕੁਆਂਟਮ ਤਾਲਮੇਲ ਵਿਧੀ ਸਥਾਪਤ ਕੀਤੀ। ਸੈਮੀਕੰਡਕਟਰਾਂ ਦੇ ਖੇਤਰ ਵਿੱਚ ਅਮਰੀਕਾ ਨੇ ਭਾਰਤ ਵਿੱਚ ਫੈਬਰੀਕੇਸ਼ਨ ਈਕੋਸਿਸਟਮ ਦੇ ਵਿਕਾਸ ਦਾ ਸਮਰਥਨ ਕੀਤਾ ਅਤੇ ਪਰਿਪੱਕ ਤਕਨਾਲੋਜੀ ਨੋਡਾਂ ਅਤੇ ਉੱਨਤ ਪੈਕੇਜਿੰਗ ਲਈ ਸਾਂਝੇ ਉੱਦਮਾਂ ਅਤੇ ਸਾਂਝੇਦਾਰੀ ਨੂੰ ਉਤਸ਼ਾਹਿਤ ਕੀਤਾ। ਭਾਰਤ ਦੇ ਸੈਮੀਕੰਡਕਟਰ ਮਿਸ਼ਨ, ਇੰਡੀਆ ਇਲੈਕਟ੍ਰਾਨਿਕਸ ਸੈਮੀਕੰਡਕਟਰ ਐਸੋਸੀਏਸ਼ਨ (IESA) ਅਤੇ US ਸੈਮੀਕੰਡਕਟਰ ਇੰਡਸਟਰੀ ਐਸੋਸੀਏਸ਼ਨ (SIA) ਨੂੰ ਸ਼ਾਮਲ ਕਰਕੇ ਟਾਸਕ ਫੋਰਸ ਬਣਾਉਣ ਉੱਤੇ ਸਹਿਮਤੀ ਦਿੱਤੀ ਗਈ ਤਾਂ ਜੋ ਨਜ਼ਦੀਕੀ ਮਿਆਦ ਦੇ ਮੌਕਿਆਂ ਦੀ ਪਛਾਣ ਕਰਨ ਅਤੇ ਸੈਮੀਕੰਡਕਟਰ ਈਕੋਸਿਸਟਮ ਦੇ ਲੰਬੇ ਸਮੇਂ ਦੇ ਵਿਕਾਸ ਸੁਖਾਲਾ ਬਣਾਉਣ ਲਈ "ਤਿਆਰੀ ਮੁਲਾਂਕਣ" ਵਿਕਸਿਤ ਕੀਤਾ ਜਾ ਸਕੇ।

ਰੱਖਿਆ ਨਿਰਮਾਣ ਦੇ ਖੇਤਰ ਵਿੱਚ ਦੋਵੇਂ ਧਿਰਾਂ ਨੇ ਆਪਸੀ ਹਿੱਤ ਦੀਆਂ ਮੁੱਖ ਵਸਤਾਂ ਦੇ ਸਾਂਝੇ ਉਤਪਾਦਨ 'ਤੇ ਧਿਆਨ ਕੇਂਦਰਿਤ ਕਰਨ ਲਈ ਸਹਿਮਤੀ ਦਿੱਤੀ। ਅਮਰੀਕਾ ਨੇ ਸਵਦੇਸ਼ੀ ਤੌਰ 'ਤੇ ਨਿਰਮਿਤ ਲਾਈਟ ਕੰਬੈਟ ਏਅਰਕ੍ਰਾਫਟ ਲਈ ਭਾਰਤ ਵਿੱਚ ਜੈੱਟ ਇੰਜਣਾਂ ਦਾ ਉਤਪਾਦਨ ਕਰਨ ਲਈ ਮੈਸਰਜ਼ ਜਨਰਲ ਇਲੈਕਟ੍ਰਿਕ ਦੁਆਰਾ ਦਿੱਤੀ ਗਈ ਲਾਇਸੈਂਸ ਦੀ ਅਰਜ਼ੀ ਦੀ ਤੇਜ਼ੀ ਨਾਲ ਸਮੀਖਿਆ ਕਰਨ ਲਈ ਵਚਨਬੱਧਤਾ ਪ੍ਰਗਟਾਈ। ਦੋਵਾਂ ਪਾਸਿਆਂ ਤੋਂ ਰੱਖਿਆ ਸਟਾਰਟਅੱਪਸ ਨੂੰ ਜੋੜਨ ਲਈ ਨਵਾਂ ਇਨੋਵੇਸ਼ਨ ਬ੍ਰਿਜ ਬਣਾਇਆ ਜਾਵੇਗਾ।

ਪੁਲਾੜ ਦੇ ਖੇਤਰ ਵਿੱਚ ਭਾਰਤ ਦੇ ਪੁਲਾੜ ਖੇਤਰ ਨੂੰ ਖੋਲ੍ਹਣ ਅਤੇ ਅਮਰੀਕਾ ਵਿੱਚ ਭਾਰਤ ਦੀਆਂ ਪੁਲਾੜ ਤਕਨੀਕੀ ਕੰਪਨੀਆਂ ਦੇ ਯੋਗਦਾਨ ਨਾਲ ਪੈਦਾ ਹੋਏ ਮੌਕਿਆਂ ਦੀ ਸ਼ਲਾਘਾ ਕੀਤੀ ਗਈ। ਇਸ ਗੱਲ 'ਤੇ ਸਹਿਮਤੀ ਬਣੀ ਕਿ ਇਸਰੋ ਮਨੁੱਖੀ ਪੁਲਾੜ ਉਡਾਣ ਦੇ ਮੌਕਿਆਂ, ਨਾਸਾ ਦੇ ਕਮਰਸ਼ੀਅਲ ਲੂਨਰ ਪੇਲੋਡ ਸਰਵਿਸਿਜ਼ (CLPS) ਪ੍ਰੋਜੈਕਟ ਅਤੇ STEM ਪ੍ਰਤਿਭਾ ਐਕਸਚੇਂਜ 'ਤੇ ਨਾਸਾ ਨਾਲ ਮਿਲਕੇ ਕੰਮ ਕਰੇਗਾ।

ਉੱਨਤ ਦੂਰਸੰਚਾਰ ਵਿੱਚ ਭਾਰਤ ਦੀ ਲਾਗਤ-ਕੁਸ਼ਲਤਾ ਅਤੇ ਪੈਮਾਨੇ ਦੇ ਮੱਦੇਨਜ਼ਰ ਦੋਵੇਂ ਧਿਰਾਂ ਭਰੋਸੇਯੋਗ ਸਰੋਤਾਂ ਦੀ ਵਰਤੋਂ ਕਰਦੇ ਹੋਏ 5G/6G ਅਤੇ ORAN ਨੂੰ ਕਵਰ ਕਰਨ ਵਾਲੀ ਜਨਤਕ-ਨਿੱਜੀ ਵਾਰਤਾਲਾਪ ਸ਼ੁਰੂ ਕਰਨ ਉੱਤੇ ਸਹਿਮਤ ਹੋਈਆਂ।

iCET ਦੀ ਲਾਂਚ ਦੌਰਾਨ ਭਾਰਤੀ ਵਿਗਿਆਨ ਅਤੇ ਤਕਨਾਲੋਜੀ ਵਿਭਾਗ ਅਤੇ ਅਮਰੀਕਾ ਦੇ ਨੈਸ਼ਨਲ ਸਾਇੰਸ ਫਾਊਂਡੇਸ਼ਨ ਵਿਚਕਾਰ ਨਵੀਂ ਲਾਗੂ ਵਿਵਸਥਾ 'ਤੇ ਰਾਜਦੂਤ ਅਤੇ NSF ਡਾਇਰੈਕਟਰ ਨੇ ਹਸਤਾਖਰ ਕੀਤੇ। ਇਸ ਨਾਲ CET ਵਿੱਚ ਸਾਂਝੀ ਖੋਜ ਦਾ ਵਿਸਥਾਰ ਹੋਵੇਗਾ।

30 ਜਨਵਰੀ, 2023 ਨੂੰ ਅਮਰੀਕੀ ਕਾਮਰਸ ਚੈਂਬਰ ਵਿਖੇ ਭਾਰਤੀ ਅਤੇ ਅਮਰੀਕੀ ਉਦਯੋਗਾਂ ਦਾ iCET ਗੋਲਮੇਜ ਸੰਮੇਲਨ ਹੋਇਆ। ਇਸ ਗੱਲਬਾਤ ਸਦਕਾ ਸਰਕਾਰ, ਉਦਯੋਗ ਅਤੇ ਅਕਾਦਮਿਕਤਾ ਵਿਚਕਾਰ ਉੱਚ ਤਕਨਾਲੋਜੀ ਭਾਈਵਾਲੀ ਨੂੰ ਮਜ਼ਬੂਤ ਕਰਨ ਲਈ ਵਿਚਾਰ ਵਟਾਂਦਰਾ ਕਰਨ ਦਾ ਮੌਕਾ ਮਿਲਿਆ।

ਰਾਜਦੂਤ ਤਰਨਜੀਤ ਸੰਧੂ ਨੇ ਇੰਡੀਆ ਹਾਊਸ ਵਿਖੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਦੇ ਸਨਮਾਨ ਵਿੱਚ ਸਵਾਗਤ ਦੀ ਮੇਜ਼ਬਾਨੀ ਵੀ ਕੀਤੀ। ਜਿਸ ਵਿੱਚ ਵਣਜ ਸਕੱਤਰ ਜੀਨਾ ਰੇਮੋਂਡੋ, ਰਾਸ਼ਟਰੀ ਸੁਰੱਖਿਆ ਸਲਾਹਕਾਰ ਜੇਕ ਸੁਲੀਵਾਨ, ਅਮਰੀਕਾ ਦੀ ਕਾਰਜਕਾਰੀ ਸਕੱਤਰ ਵੈਂਡੀ ਸ਼ੇਰਮਨ, ਅਮਰੀਕੀ ਪ੍ਰਸ਼ਾਸਨ ਦੇ ਕਈ ਉੱਚ ਅਧਿਕਾਰੀ ਅਤੇ ਉੱਨਤ ਤਕਨਾਲੋਜੀ ਕੰਪਨੀਆਂ ਅਤੇ ਫੰਡਾਂ ਦੇ ਮੁਖੀ ਅਤੇ ਅਮਰੀਕਾ ਦੀਆਂ ਪ੍ਰਮੁੱਖ ਯੂਨੀਵਰਸਿਟੀਆਂ ਮੌਜੂਦ ਸਨ।

ਇਸ ਫੇਰੀ ਦੌਰਾਨ ਹੋਏ ਵਿਚਾਰ-ਵਟਾਂਦਰੇ ਅਤਿ-ਆਧੁਨਿਕ ਖੇਤਰਾਂ ਵਿੱਚ ਭਾਰਤ-ਅਮਰੀਕਾ ਸਹਿਯੋਗ ਨੂੰ ਮਜ਼ਬੂਤ ਕਰਨ ਦਾ ਆਧਾਰ ਬਣਦੇ ਹਨ ਅਤੇ ਭਾਰਤ-ਅਮਰੀਕਾ ਵਿਆਪਕ ਆਲਮੀ ਰਣਨੀਤਕ ਭਾਈਵਾਲੀ ਦੀ ਪਰਿਪੱਕਤਾ ਨੂੰ ਦਰਸਾਉਂਦੇ ਹਨ। ਦੋਵੇਂ ਦੇਸ਼ਾਂ ਨੇ ਮਿਥੀਆਂ ਸਮਾਂ-ਸੀਮਾਵਾਂ ਅੰਦਰ ਨਤੀਜੇ ਹਾਸਲ ਕਰਨ ਲਈ ਲਗਾਤਾਰ ਧਿਆਨ ਦਿੰਦੇ ਰਹਿਣ 'ਤੇ ਸਹਿਮਤੀ ਦਿੱਤੀ।

ਵਾਸ਼ਿੰਗਟਨ ਡੀ.ਸੀ.

31 ਜਨਵਰੀ, 2023

DISCLAIMER: This is an approximate translation. The original is available in English on MEA's website and may be referred to as the official press release.